# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 28 ਦਸੰਬਰ 2025 ਦਿਨ ਐਤਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਰਾਜਬੀਰ (ਰਾਜੂ) ਕਬੱਡੀ ਕਲੱਬ ਸਰੀ ਵੱਲੋਂ ਸ਼ਾਨਦਾਰ ਸਾਲਾਨਾ ਸਮਾਗਮ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਸਰੀ, 28 ਦਸੰਬਰ : ਰਾਜਬੀਰ (ਰਾਜੂ) ਕਬੱਡੀ ਕਲੱਬ ਸਰੀ ਵੱਲੋਂ ਬੀਤੇ ਦਿਨੀਂ ਗਰੈਂਡ ਤਾਜ ਬੈਂਕੁਇਟ ਹਾਲ, ਸਰੀ ਵਿਖੇ ਆਪਣਾ ਸਾਲਾਨਾ ਸਮਾਗਮ ਸ਼ਾਨਦਾਰ ਅਤੇ ਯਾਦਗਾਰੀ ਢੰਗ ਨਾਲ ਕਰਵਾਇਆ ਗਿਆ। ਇਸ ਸਮਾਗਮ ਵਿੱਚ ਕਬੱਡੀ ਖਿਡਾਰੀਆਂ, ਕਬੱਡੀ ਪ੍ਰੇਮੀਆਂ, ਖੇਡ ਨੂੰ ਉਤਸ਼ਾਹਿਤ ਕਰਨ ਵਾਲੀਆਂ ਸ਼ਖ਼ਸੀਅਤਾਂ ਦੇ ਨਾਲ-ਨਾਲ ਸਰੀ ਅਤੇ ਆਸ-ਪਾਸ ਦੇ ਖੇਤਰਾਂ ਤੋਂ ਰਾਜਨੀਤਿਕ, ਸਮਾਜਿਕ ਅਤੇ ਸੱਭਿਆਚਾਰਕ ਆਗੂਆਂ ਨੇ ਸ਼ਮੂਲੀਅਤ ਕੀਤੀ।

ਸਮਾਗਮ ਦੇ ਆਗਾਜ਼ ਵਿੱਚ ਕਲੱਬ ਦੇ ਪ੍ਰਧਾਨ ਮਨਦੀਪ ਬਦੇਸ਼ਾ ਨੇ ਸਭ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਉਨ੍ਹਾਂ ਕਲੱਬ ਦੀ ਸਾਲ ਭਰ ਦੀਆਂ ਸਰਗਰਮੀਆਂ, ਨੌਜਵਾਨਾਂ ਨੂੰ ਕਬੱਡੀ ਵੱਲ ਪ੍ਰੇਰਿਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਅਤੇ ਭਵਿੱਖੀ ਯੋਜਨਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਵਿਸ਼ੇਸ਼ ਤੌਰ ‘ਤੇ ਸਰੀ ਨਿਊਟਨ ਤੋਂ ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ, ਐਮਐਲਏ ਮਨਦੀਪ ਸਿੰਘ ਧਾਲੀਵਾਲ, ਡੈਲਟਾ ਸਿਟੀ ਦੇ ਮੇਅਰ ਜੌਰਜ ਵੀ. ਹਾਰਵੀ, ਸਕੂਲ ਟਰਸਟੀ ਜੱਸੀ ਦੁਸਾਂਝ, ਸਰੀ ਸਿਟੀ ਦੇ ਸਾਬਕਾ ਮੇਅਰ ਡਗ ਮਕੱਲਮ, ਕੌਂਸਲਰ ਮਨਦੀਪ ਨਾਗਰਾ, ਸਕੂਲ ਟਰਸਟੀ ਗੈਰੀ ਥਿੰਦ, ਐਡਵੋਕੇਟ ਰਾਜਬੀਰ ਢਿੱਲੋਂ ਅਤੇ ਪ੍ਰਸਿੱਧ ਗੀਤਕਾਰ ਜਸਬੀਰ ਗੁਣਾਚੌਰੀਆ ਨੇ ਸ਼ਿਰਕਤ ਕੀਤੀ। ਸਾਰੇ ਬੁਲਾਰਿਆਂ ਨੇ ਕਲੱਬ ਦੇ ਯਤਨਾਂ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਕਲੱਬ ਸਰੀ ਅਤੇ ਇਸ ਖੇਤਰ ਦੇ ਨੌਜਵਾਨਾਂ ਨੂੰ ਕਬੱਡੀ ਵਰਗੀ ਪਰੰਪਰਾਗਤ ਖੇਡ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਉਪਰਾਲਾ ਨੌਜਵਾਨ ਪੀੜ੍ਹੀ ਨੂੰ ਸਿਹਤਮੰਦ ਜੀਵਨਸ਼ੈਲੀ ਅਤੇ ਅਨੁਸ਼ਾਸਨ ਵੱਲ ਲਿਜਾਣ ਦਾ ਮਜ਼ਬੂਤ ਸਾਧਨ ਹੈ।

ਸਮਾਗਮ ਦੌਰਾਨ ਹਾਜ਼ਰ ਦਰਸ਼ਕਾਂ ਲਈ ਰੰਗਾਰੰਗ ਮਨੋਰੰਜਨਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ, ਜਿਸ ਵਿੱਚ ਸ਼ਾਮ ਪੰਡੋਰੀਵਾਲਾ, ਸੁਰਿੰਦਰ ਭਲਵਾਨ, ਨਵੀਂ ਮਾਣਕ, ਕਮਲ ਢੱਟ, ਪੰਮਾ ਸੁੱਖਪੁਰੀਆ, ਲੱਖਾ ਸਿੱਧਵਾਂ ਅਤੇ ਰਿੰਪੀ ਗਰੇਵਾਲ ਨੇ ਆਪਣੇ ਲੋਕਪ੍ਰਿਯ ਗੀਤਾਂ ਨਾਲ ਮਾਹੌਲ ਨੂੰ ਖੁਸ਼ਗਵਾਰ ਬਣਾਇਆ। ਦਰਸ਼ਕਾਂ ਨੇ ਇਸ ਸੰਗੀਤਮਈ ਪ੍ਰੋਗਰਾਮ ਦਾ ਭਰਪੂਰ ਆਨੰਦ ਮਾਣਿਆ।

ਸਮੁੱਚੇ ਪ੍ਰੋਗਰਾਮ ਦੀ ਕਾਮਯਾਬੀ ਲਈ ਕਲੱਬ ਦੇ ਚੇਅਰਮੈਨ ਬਿੱਲਾ ਖੇਲਾ, ਵਾਈਸ ਪ੍ਰਧਾਨ ਬਿੱਟੂ ਦਿਓਲ, ਸਕੱਤਰ ਮਨਜੀਤ ਬਹਾਰੀਪੁਰ, ਵਾਈਸ ਸਕੱਤਰ ਜੱਗਾ ਰਾਏ, ਖ਼ਜ਼ਾਨਚੀਆਂ ਜੀਵਨ ਦਿਓਲ, ਨਿੱਕਾ ਜਵੰਦਾ ਅਤੇ ਇੰਦਰਜੀਤ ਬੁੱਟਰ ਨੇ ਸਰਗਰਮ ਭੂਮਿਕਾ ਨਿਭਾਈ । ਇਨ੍ਹਾਂ ਤੋਂ ਇਲਾਵਾ ਡਾਇਰੈਕਟਰਾਂ ਵਿੱਚੋਂ ਸੁੱਖਾ ਮਾਹਲ, ਨਛੱਤਰ ਬਾਠ, ਪਰਮਜੀਤ ਦੁਸਾਂਝ, ਲਾਲਾ ਭਲਵਾਨ, ਅਮਨ ਹੇਅਰ ਅਤੇ ਪਿੰਕਾ ਪੱਡਾ, ਮੁੱਖ ਆਰਗੇਨਾਈਜ਼ਰ ਮੋਹਨ ਹੀਰ, ਆਰਗੇਨਾਈਜ਼ਰ ਅਮਨ ਗਿੱਲ ਦੇ ਨਾਲ-ਨਾਲ ਵਿੱਕੀ ਜੋਹਲ, ਦਲੇਰ ਪੱਡਾ ਅਤੇ ਗੁਰਪ੍ਰੀਤ ਰਾਏ ਵੱਲੋਂ ਵੀ ਵਿਸ਼ੇਸ਼ ਸਹਿਯੋਗ ਦਿੱਤਾ ਗਿਆ।

ਸਮਾਗਮ ਦੇ ਅੰਤ ਵਿੱਚ ਕਲੱਬ ਦੇ ਸਾਰੇ ਖਿਡਾਰੀਆਂ ਅਤੇ ਹਾਜ਼ਰ ਮਹਿਮਾਨਾਂ ਨੂੰ ਯਾਦਗਾਰੀ ਮੋਮੈਂਟੋ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਹ ਸਮਾਗਮ ਕਬੱਡੀ ਖੇਡ ਦੇ ਪ੍ਰਚਾਰ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੀ ਦਿਸ਼ਾ ਵਿੱਚ ਇੱਕ ਸਫਲ ਅਤੇ ਪ੍ਰੇਰਣਾਦਾਇਕ ਕਦਮ ਰਿਹਾ।

## ਉੱਘੇ ਕਾਲਮ ਨਵੀਸ ਸੁੱਚਾ ਸਿੰਘ ਕਲੇਰ ਨੂੰ ਸਦਮਾ — ਪਤਨੀ ਹਰਬੰਸ ਕੌਰ ਦਾ ਦੇਹਾਂਤ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਵੈਨਕੂਵਰ, 28 ਦਸੰਬਰ : ਵੈਨਕੂਵਰ ਨਿਵਾਸੀ, ਉੱਘੇ ਕਾਲਮ ਨਵੀਸ ਅਤੇ ਸਮਾਜਿਕ ਸਰੋਕਾਰਾਂ ਨਾਲ ਜੁੜੇ ਲੇਖਕ ਸੁੱਚਾ ਸਿੰਘ ਕਲੇਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ, ਜਦੋਂ ਉਨ੍ਹਾਂ ਦੀ ਧਰਮਪਤਨੀ ਹਰਬੰਸ ਕੌਰ ਦਾ ਦੇਹਾਂਤ ਹੋ ਗਿਆ। ਉਹ ਬਹੁਤ ਹੀ ਸਾਦਗੀ ਤੇ ਮੋਹ ਭਰਪੂਰ ਸ਼ਖ਼ਸੀਅਤ ਸਨ। ਪਰਿਵਾਰ ਵੱਲੋਂ ਆਪਣੇ ਸਕੇ ਸੰਬੰਧੀਆਂ, ਸਨੇਹੀਆਂ, ਦੋਸਤਾਂ ਮਿੱਤਰਾਂ ਨੂੰ ਦੁੱਖ ਪ੍ਰਗਟ ਕਰਨ ਲਈ ਘਰ ਆਉਣ ਦੀ ਬਜਾਏ ਫਿਊਨਰਲ ਹੋਮ ਅਤੇ ਅੰਤਿਮ ਸੰਸਕਾਰ ਮੌਕੇ ਹਾਜ਼ਰੀ ਭਰਨ ਦੀ ਅਪੀਲ ਕੀਤੀ ਗਈ ਹੈ।

ਮਰਹੂਮ ਹਰਬੰਸ ਕੌਰ ਦਾ ਅੰਤਿਮ ਸੰਸਕਾਰ 3 ਜਨਵਰੀ ਨੂੰ ਸਵੇਰੇ 11 ਵਜੇ ਰਿਵਰਸਾਈਡ ਫਿਊਨਰਲ ਹੋਮ, 7410 ਹੋਪਕਾਟ ਰੋਡ, ਡੈਲਟਾ ਵਿਖੇ ਹੋਵੇਗਾ। ਇਸ ਉਪਰੰਤ ਅੰਤਿਮ ਅਰਦਾਸ ਸਮਾਗਮ 3 ਜਨਵਰੀ ਨੂੰ ਦੁਪਹਿਰ 1 ਵਜੇ ਖ਼ਾਲਸਾ ਦੀਵਾਨ ਸੋਸਾਇਟੀ, 8000 ਰੌਸ ਸਟ੍ਰੀਟ, ਵੈਨਕੂਵਰ ਵਿਖੇ ਹੋਵੇਗੀ। ਸਾਹਿਤਕ, ਸਮਾਜਿਕ ਅਤੇ ਪੱਤਰਕਾਰੀ ਹਲਕਿਆਂ ਵੱਲੋਂ ਸੁੱਚਾ ਸਿੰਘ ਕਲੇਰ ਅਤੇ ਪਰਿਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕੀਤੀ ਜਾ ਰਹੀ ਹੈ।

## ਡੇਰਾ ਸੱਚਾ ਸੌਦਾ ਦੇ ਸ਼ਰਧਾਲੂਆਂ ਨੇ 3 ਯੂਨਿਟ ਖ਼ੂਨਦਾਨ ਕਰ ਮਾਨਵਤਾ ਪ੍ਰਤੀ ਨਿਭਾਇਆ ਆਪਣਾ ਫ਼ਰਜ਼

ਵਰਲਡ ਪੰਜਾਬੀ ਟਾਈਮਜ਼
ਗੁਰਪ੍ਰੀਤ ਚਹਿਲ



ਬਠਿੰਡਾ ,28 ਦਸੰਬਰ : ਡੇਰਾ ਸੱਚਾ ਸੌਦਾ ਸਰਸਾ ਦੇ ਗੁਰੂ ਰਾਮ ਰਹੀਮ ਸਿੰਘ ਜੀ ਇੰਸਾਂ ਦੀਆਂ ਪਾਵਨ ਸਿੱਖਿਆਵਾਂ ਤੇ ਚਲਦਿਆਂ ਡੇਰਾ ਪ੍ਰੇਮੀ ਮਾਨਵਤਾ ਦੀ ਸੇਵਾ ਨੂੰ ਸਮਰਪਿਤ ਹੋ ਅਸਲ ਮਾਇਨੇ ਚ ਇੰਸਾਂ (ਇੰਨਸਾਨ) ਹੋਣ ਦਾ ਪ੍ਰਮਾਣ ਦੇ ਰਹੇ ਹਨ। ਮਾਨਵਤਾ ਭਲਾਈ ਦੇ 150 ਕਾਰਜਾਂ ਦੇ ਨਾਲ਼ ਨਾਲ਼ ਖ਼ੂਨਦਾਨ ਦੇ ਖੇਤਰ ਵਿੱਚ ਇਸ ਸੰਸਥਾ ਦੇ ਕੋਈ ਨੇੜੇ ਤੇੜੇ ਵੀ ਨਹੀ ਦਿਸਦਾ। ਇਸੇ ਲੜੀ ਨੂੰ ਅੱਗੇ ਵਧਾਉਂਦੇ ਹੋਏ ਬਲਾਕ ਬਠਿੰਡਾ ਦੇ ਤਿੰਨ ਡੇਰਾ ਪ੍ਰੇਮੀਆਂ ਨੇ ਲੋੜਵੰਦ ਮਰੀਜਾਂ ਨੂੰ ਆਪਣਾ ਖ਼ੂਨ ਦਾਨ ਕਰਦੇ ਹੋਏ ਬਹੁ ਕੀਮਤੀ ਜਾਨਾਂ ਬਚਾਈਆਂ। ਇਸ ਬਾਰੇ ਜਿਆਦਾ ਜਾਣਕਾਰੀ ਦਿੰਦਿਆਂ ਸੱਚੀ ਖ਼ੂਨਦਾਨ ਸੰਮਤੀ ਡੇਰਾ ਸੱਚਾ ਸੌਦਾ ਬਲਾਕ ਬਠਿੰਡਾ ਦੇ ਜਿੰਮੇਵਾਰ ਸੇਵਾਦਾਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੱਕ ਮਰੀਜ਼ ਵਾਸੀ ਪਿੰਡ ਥਾਮ ਜ਼ਿਲਾ ਸ੍ਰੀ ਮੁਕਤਸਰ ਸਾਹਿਬ ਜੋ ਕਿ ਪੰਜਾਬ ਕੈਂਸਰ ਕੇਅਰ ਅਤੇ

ਮਲਟੀਸਪੈਸ਼ਲਿਟੀ ਹਸਪਤਾਲ ਵਿਖੇ ਜੇਰੇ ਇਲਾਜ ਹੈ ਨੂੰ ਏਰੀਆ ਸ੍ਰੀ ਗੁਰੂ ਗੋਬਿੰਦ ਸਿੰਘ ਨਗਰ ਬਲਾਕ ਬਠਿੰਡਾ ਦੇ ਸੇਵਾਦਾਰ ਜਸਕਰਨ ਇੰਸਾਂ ਪੁੱਤਰ ਕੇਵਲ ਸਿੰਘ ਇੰਸਾਂ ਨੇ ਖ਼ੂਨਦਾਨ ਕੀਤਾ। ਇਸ ਤੋਂ ਇਲਾਵਾ ਇੱਕ ਮਰੀਜ਼ ਵਾਸੀ ਸ੍ਰੀ ਗੁਰੂ ਤੇਗ ਬਹਾਦਰ ਨਗਰ, ਮਾਨਸਾ ਜੋ ਕਿ ਪਾਰਕ ਹਸਪਤਾਲ ਵਿਖੇ ਜੇਰੇ ਇਲਾਜ ਹੈ ਨੂੰ ਏਰੀਆ ਪ੍ਰਤਾਪ ਨਗਰ ਦੇ ਪ੍ਰੇਮੀ ਸੇਵਕ ਜਗਜੀਤ ਸਿੰਘ ਇੰਸਾਂ ਪੁੱਤਰ ਹਰਨੈਬ ਸਿੰਘ ਇੰਸਾਂ ਅਤੇ ਅਮਰੀਕ ਸਿੰਘ ਇੰਸਾਂ ਪੁੱਤਰ ਕਰਨੈਲ ਸਿੰਘ ਇੰਸਾਂ ਨੇ ਖ਼ੂਨਦਾਨ ਕੀਤਾ। ਇਸ ਮੌਕੇ ਮਰੀਜ਼ਾਂ ਦੇ ਵਾਰਿਸਾਂ ਨੇ ਖ਼ੂਨ ਦਾਨੀ ਸੇਵਾਦਾਰਾਂ ਦਾ ਤਹਿਦਿਲੋਂ ਧੰਨਵਾਦ ਕੀਤਾ। ਜਿਕਰਯੋਗ ਹੈ ਕਿ ਅੱਜ ਜਗਜੀਤ ਸਿੰਘ ਇੰਸਾਂ ਨੇ 54ਵੀਂ ਵਾਰ ਅਤੇ ਅਮਰੀਕ ਇੰਸਾਂ ਨੇ 21 ਵਾਰ ਖ਼ੂਨਦਾਨ ਕੀਤਾ।

## ਮਹਿਲ ਕਲਾਂ ਵਿਖੇ ਮਾਤਾ ਗੁਜਰ ਕੌਰ ਤੇ ਚਾਰ ਸਾਹਿਬਜ਼ਾਦਿਆਂ ਦੀ ਯਾਦ ‘ਚ ਵਿਸ਼ਾਲ ਧਾਰਮਿਕ ਸਮਾਗਮ ਕਰਵਾਇਆ

ਵਰਲਡ ਪੰਜਾਬੀ ਟਾਈਮਜ਼
ਜਗਮੋਹਨ ਸ਼ਾਹ ਰਾਇਸਰ

ਮਹਿਲ ਕਲਾਂ, 28 ਦਸੰਬਰ : ਮਾਤਾ ਗੁਜਰ ਕੌਰ ਜੀ ਤੇ ਚਾਰ ਸਾਹਿਬਜ਼ਾਦਿਆਂ ਦੀ ਯਾਦ ‘ਚ 14ਵਾਂ ਸਾਲਾਨਾ ਧਾਰਮਿਕ ਸਮਾਗਮ ਮੁੱਖ ਮਾਰਗ ਉਪਰ ਗੋਲਡਨ ਕਲੋਨੀ ਮਹਿਲ ਕਲਾਂ ਵਿਖੇ ਗ੍ਰਾਮ ਪੰਚਾਇਤਾਂ, ਯੂਥ ਕਲੱਬਾਂ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ



ਭਾਈ ਜਗਸੀਰ ਸਿੰਘ ਖ਼ਾਲਸਾ ਦੇ ਰਾਗੀ ਜਥੇ ਨੇ ਕਥਾ ਕੀਰਤਨ ਕਰ ਕੇ ਲਾਸਾਨੀ ਸ਼ਹਾਦਤ ‘ਤੇ ਚਾਨਣਾ ਪਾਇਆ। ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਪ੍ਰਬੰਧਕਾਂ ਦੇ ਇਸ ਉੱਦਮ ਦੀ ਸ਼ਲਾਘਾ ਕਰਦਿਆ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਮਾਤਾ ਗੁਜਰ ਕੌਰ, ਸਹਿਬਜ਼ਾਦਿਆਂ ਅਤੇ ਸਮੂਹ ਸ਼ਹੀਦਾਂ ਨੂੰ ਸਰਧਾਂਜ਼ਲੀ ਅਰਪਿਤ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਧਰਮ ਕੁਰਬਾਨੀਆ ਭਰਿਆ ਹੈ, ਇਸ ਤੋਂ ਸੇਧ ਲੈ ਕੇ ਨਵੀ ਉਮਰ ਦੇ ਬੱਚਿਆਂ ਨੂੰ ਸ਼ਹੀਦਾਂ ਦੀ ਸ਼ਹਾਦਤ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ। ਅਕਾਲੀ ਦਲ ਦੇ ਹਲਕਾ ਇੰਚਾਰਜ਼ ਨਾਥ ਸਿੰਘ ਹਮੀਦੀ ਨੇ ਵੀ ਵਿਚਾਰ ਰੱਖੇ। ਪ੍ਰਧਾਨ ਬਾਬਾ ਸ਼ੇਰ ਸਿੰਘ ਨੇ ਸਹਿਯੋਗ ਲਈ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬੀਬੀ ਕੁਲਦੀਪ ਕੌਰ, ਸਰਪੰਚ ਬੀਬੀ ਕਿਰਨਾ ਰਾਣੀ, ਯੂਥ ਆਗੂ ਅਰੁਣ ਕੁਮਾਰ ਬਾਂਸਲ, ਅਵਤਾਰ ਸਿੰਘ ਅਣਖੀ, ਸੰਮਤੀ ਮੈਂਬਰ ਰਛਪਾਲ ਸਿੰਘ, ਸਰਪੰਚ ਸਰਬਜੀਤ ਸਿੰਘ ਸ਼ੰਭੂ, ਰੂਬਲ ਗਿੱਲ ਕੈਨੇਡਾ, ਜਗਤਾਰ ਸਿੰਘ ਟਿਵਾਣਾ, ਹਰਵਿੰਦਰ ਕੁਮਾਰ ਜਿੰਦਲ, ਰਾਜਿੰਦਰਪਾਲ ਸਿੰਘ ਬਿੱਟੂ, ਹਰੀ ਸਿੰਘ ਕਟੈਹਰੀਆ, ਪ੍ਰਧਾਨ ਅਰਸ਼ਦੀਪ ਸਿੰਘ ਢੀਂਡਸਾ, ਹਰਮਨਜੀਤ ਸਿੰਘ ਟਿਵਾਣਾ, ਗੁਰਦੀਪ ਸਿੰਘ ਟਿਵਾਣਾ, ਰਾਜਾ ਘੁਮਾਣ, ਸੁਖਦੇਵ ਸਿੰਘ ਰਾਹਲ, ਭਾਈ ਪਰਮਜੀਤ ਸਿੰਘ ਢਾਡੀ, ਮਨਜੀਤ ਸਿੰਘ ਸਹਿਜੜਾ, ਰਾਜਿੰਦਰ ਕੁਮਾਰ ਜਿੰਦਲ, ਸਤੀਸ਼ ਕੁਮਾਰ ਬਾਂਸਲ, ਹਰਜੀਤ ਸਿੰਘ ਖਿਆਲੀ, ਮਾ: ਅਮਰਜੀਤ ਸਿੰਘ ਮਹਿਲ ਖ਼ੁਰਦ, ਗੁਰਜੀਤ ਸਿੰਘ ਧਾਲੀਵਾਲ, ਸੁਖਵਿੰਦਰ ਸਿੰਘ ਪੱਪੂ, ਨੰਬਰਦਾਰ ਜਗਦੇਵ ਸਿੰਘ, ਜਗਦੀਸ਼ ਸਿੰਘ ਪੰਨੂੰ, ਦਰਸ਼ਨ ਸਿੰਘ ਕਾਕਾ, ਗਿਆਨੀ ਸਤਨਾਮ ਸਿੰਘ, ਗਿਆਨੀ ਕਰਮ ਸਿੰਘ ਆਸਟ੍ਰੇਲੀਆ, ਸੇਵਕ ਸਿੰਘ ਮਹਿਲ ਕਲਾਂ, ਮਨਦੀਪਾ ਸਿੰਘ, ਮਨਜੋਤ ਸਿੰਘ, ਦਰਸ਼ਨ ਸਿੰਘ ਖਾਲਸਾ, ਸੁਖਦੇਵ ਸਿੰਘ ਰਾਗੀ, ਚਮਕੌਰ ਸਿੰਘ ਮਠਾੜੂ, ਦਸਮੇਸ਼ ਯੂਥ ਕਲੱਬ ਦੇ ਅਹੁਦੇਦਾਰ ਸਮੂਹ ਨੌਜਵਾਨ ਹਾਜ਼ਰ ਸਨ।

## ਸਾਹਿਤ ਵਿਗਿਆਨ ਕੇਂਦਰ ਨੇ ਬਾਨੀ ਪ੍ਰਧਾਨ ਸੇਵੀ ਰਾਇਤ ਜੀ ਨੂੰ ਯਾਦ ਕੀਤਾ

ਵਰਲਡ ਪੰਜਾਬੀ ਟਾਈਮਜ਼
ਗੁਰਦਰਸ਼ਨ ਸਿੰਘ ਮਾਵੀ

ਚੰਡੀਗੜ੍ਹ 28 ਦਸੰਬਰ : ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਵਲੋਂ ਇਸ ਕੇਂਦਰ ਦੇ ਬਾਨੀ ਸ੍ਰੀ ਸੇਵੀ ਰਾਇਤ ਨੂੰ ਸਮਰਪਿਤ ਕਵੀ-ਦਰਬਾਰ ਰੋਟਰੀ ਭਵਨ ਮੋਹਾਲੀ ਵਿਖੇ ਕਰਵਾਇਆ ਗਿਆ। ਪ੍ਰਧਾਨਗੀ ਮੰਡਲ ਵਿਚ ਡਾ. ਮੇਹਰ ਮਾਣਕ ( ਸਮਾਜ ਵਿਗਿਆਨ ਵਿਗਿਆਨੀ) ,ਡਾ. ਅਵਤਾਰ ਸਿੰਘ ਪਤੰਗ, ਸੇਵੀ ਰਾਇਤ ਜੀ ਦੇ ਬੇਟੇ ਵਿਸ਼ਵ ਪਾਲ ਸਿੰਘ, ਗੁਰਦਰਸ਼ਨ ਸਿੰਘ ਮਾਵੀ.ਅਤੇ ਦਵਿੰਦਰ ਕੌਰ ਢਿੱਲੋਂ ਸ਼ਾਮਲ ਹੋਏ ।ਕੇਂਦਰ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਮਾਵੀ ਨੇ ਇਸ ਸਾਲ ਵਿਚ






ਕੇਂਦਰ ਦੇ ਕੰਮਾਂ ਦਾ ਲੇਖਾ ਜੋਖਾ ਪੇਸ਼ ਕੀਤਾ ਅਤੇ ਨਵੇਂ ਸਾਲ ਦੀਆਂ ਯੋਜਨਾਵਾਂ ਬਾਰੇ ਦੱਸਿਆ।ਡਾ. ਅਵਤਾਰ ਸਿੰਘ ਪਤੰਗ ਨੇ ਸੇਵੀ ਰਾਇਤ ਰਾਇਤ ਜੀ ਨਾਲ ਆਪਣੀਆਂ ਸਾਂਝਾਂ ਦਾ ਜਿਕਰ ਕੀਤਾ ਅਤੇ ਇਸ ਕੇਂਦਰ ਦੇ ਬਣਨ ਦੀ ਕਹਾਣੀ ਦੱਸੀ।ਪਾਲ ਅਜਨਬੀ,ਦਰਸ਼ਨ ਸਿੱਧੂ,ਰਜਿੰਦਰ ਧੀਮਾਨ,ਗੁਰਦਰਸ਼ਨ ਮਾਵੀ, ਡਾ. ਮਨਜੀਤ ਮਝੈਲ,ਹਰਜੀਤ ਸਿੰਘ, ਰਤਨ ਬਾਬਕਵਾਲਾ ਅਤੇ ਰਜਿੰਦਰ ਰੇਨੂੰ ਨੇ ਵੀ ਸੇਵੀ ਰਾਇਤ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਰਚਨਾਵਾਂ ਸੁਣਾਈਆਂ।ਮਲਕੀਤ ਨਾਗਰਾ, ਮਹਿੰਦਰ ਸਿੰਘ ਗੋਸਲ, ਰਾਜੂ ਨਾਹਰ,ਪਰਤਾਪ ਪਾਰਸ ਗੁਰਦਾਸਪੁਰੀ,ਬਲਵਿੰਦਰ ਢਿੱਲੋਂ, ਜਸਵਿੰਦਰ ਸਿੰਘ ਕਾਈਨੌਰ,ਲਾਭ ਸਿੰਘ ਲਹਿਲੀ ਨੇ ਸਾਹਿਬਜ਼ਾਦਿਆਂ ਨਾਲ ਸਬੰਧਿਤ ਧਾਰਮਿਕ ਗੀਤ ਸੁਣਾਏ।ਸੁਰਿੰਦਰ ਕੁਮਾਰ ਨੇ ਹਾਸ-ਵਿਅੰਗ, ਤਿਲਕ ਸੇਠ ਨੇ ਹਿੰਦੀ,ਨਰਿੰਦਰ ਲੌਂਗੀਆ, ਨਰਿੰਦਰ ਸਿੰਘ ਡੋਰਕਾ,ਬਲਜੀਤ ਕੌਰ ਨੇ ਜਿੰਦਗੀ ਬਾਰੇ ਅਤੇ ਪ੍ਰੋ: ਕੇਵਲਜੀਤ ਸਿੰਘ ਨੇ ਧਾਰਮਿਕ ਕਵਿਤਾ ਸੁਣਾਈ ।ਭਰਪੂਰ ਸਿੰਘ, ਸਵਰਨਜੀਤ ਸਿੰਘ ਨੇ ਗੀਤ ਪੇਸ਼ ਕੀਤੇ।ਡਾ. ਮੇਹਰ ਮਾਣਕ ਜੀ ਨੇ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅੱਜ ਸੰਪਰਦਾਇਕਤਾ ਅਤੇ ਕੱਟੜਵਾਦ ਸਮਾਜ ਤੇ ਭਾਰੂ ਹੋ ਰਿਹਾ ਹੈ ਇਸ ਤੋਂ ਸਾਹਿਤਕਾਰਾਂ ਨੂੰ ਬਚਣ ਦੀ ਲੋੜ ਹੈ।ਸਮਾਜ ਭਲਾਈ ਵਾਸਤੇ ਸਭ ਨੂੰ ਇਕ ਜੁੱਟ ਹੋਣ ਦੀ ਲੋੜ ਹੈ। ਸਟੇਜ ਸੰਚਾਲਨ ਦਵਿੰਦਰ ਕੌਰ ਢਿੱਲੋਂ ਨੇ ਖੂਬਸੂਰਤ ਅੰਦਾਜ਼ ਵਿਚ ਕੀਤਾ। ਇਸ ਪ੍ਰੋਗਰਾਮ ਵਿਚ ਹਰਭਜਨ ਕੌਰ ਢਿੱਲੋਂ, ਪ੍ਰਲਾਦ ਸਿੰਘ, ਸਰਬਜੀਤ ਸਿੰਘ ਪੱਡਾ, ਅਮਰਜੀਤ ਬਠਲਾਣਾ,ਪਰਮਜੀਤ ਸਿੰਘ ਸ਼ਾਮਲ ਸਨ।